Washington State Department of Social & Health Services

Transforming lives

**ਦਸੰਬਰ 2023**



# ਓਵਰਨਾਈਟ ਪਲਾਨਡ ਰੈਸਪਾਈਟ ਸੇਵਾਵਾਂ

## ਸੰਖੇਪ ਜਾਣਕਾਰੀ

ਓਵਰਨਾਈਟ ਪਲਾਨਡ ਰੈਸਪਾਈਟ ਸੇਵਾਵਾਂ, ਆਪਣੇ ਪ੍ਰਾਇਮਰੀ ਦੇਖਭਾਲਕਰਤਾਵਾਂ ਨਾਲ ਰਹਿ ਰਹੇ ਵਿਕਾਸ ਸਬੰਧੀ ਅਪਾਹਜਪੁਣੇ (ਅਪੰਗਤਾ) ਬਾਰੇ ਪ੍ਰਸ਼ਾਸਨ ਵਿੱਚ ਨਾਮਾਂਕਿਤ ਬਾਲਗਾਂ ਲਈ ਇੱਕ ਕਮਿਊਨਿਟੀ-ਆਧਾਰਤ ਸੇਵਾ ਹੈ। ਸੇਵਾ, ਦੇਖਭਾਲ ਕਰਨ ਵਿੱਚ ਇੱਕ ਬ੍ਰੇਕ ਦੀ ਪੇਸ਼ਕਸ਼ ਕਰਦੀ ਹੈ ਅਤੇ ਕਲਾਇੰਟ ਨੂੰ ਵਿਅਕਤੀਗਤ ਸਰਗਰਮੀਆਂ ਅਤੇ ਸਹਾਇਤਾ ਪ੍ਰਦਾਨ ਕਰਦੀ ਹੈ। ਸੇਵਾਵਾਂ, ਕਮਿਊਨਿਟੀ ਸੈਟਿੰਗ (ਘਰ ਜਾਂ ਅਪਾਰਟਮੈਂਟ) ਵਿੱਚ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਕਾਂਟ੍ਰੈਕਟ ਵਾਲੇ, ਪ੍ਰਮਾਣਿਤ ਪ੍ਰਦਾਤਾਵਾਂ ਦੁਆਰਾ ਪ੍ਰਬੰਧਿਤ ਕੀਤੀ ਜਾਂਦੀ ਹੈ।

ਵਿਅਕਤੀ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੀਆਂ ਸਰਗਰਮੀਆਂ ਦੇ ਨਾਲ, ਇੱਕ ਸਮਾਂ-ਸਾਰਣੀ ਦੀ ਸਿਰਜਨਾ ਕਰਕੇ ਪ੍ਰਾਇਮਰੀ ਦੇਖਭਾਲਕਰਤਾ ਦੇ ਨਾਲ ਤਿਆਰ ਕੀਤੀ ਇੱਕ ਵਿਅਕਤੀ-ਕੇਂਦ੍ਰਿਤ ਯੋਜਨਾ ਦੀ ਵਰਤੋਂ ਕਰਦੇ ਹੋਏ, ਹਰੇਕ ਰੈਸਪਾਈਟ ਸੈਟਿੰਗ, ਇੱਕ ਸਮੇਂ ਵਿੱਚ ਇੱਕ ਵਿਅਕਤੀ ਨੂੰ ਹੀ ਸੇਵਾ ਪ੍ਰਦਾਨ ਕਰਦੀ ਹੈ। ਕਲਾਇੰਟ ਇੱਕ ਕੈਲੰਡਰ ਵਰ੍ਹੇਂ ਵਿੱਚ 14 ਦਿਨਾਂ ਤੱਕ ਦੀ ਰਾਹਤ(ਰੈਸਪਾਈਟ) ਤੱਕ ਪਹੁੰਚ ਕਰ ਸਕਦੇ ਹਨ।

ਓਵਰਨਾਈਟ ਪਲਾਨਡ ਰੈਸਪਾਈਟ ਦੇ ਸਥਾਨ ਸਪੋਕੇਨ, ਬੇਲਿੰਗਹੈਮ, ਲਿਨਵੁੱਡ, ਟੈਕੋਮਾ, ਓਲੰਪੀਆ ਅਤੇ ਵੈਨਕੂਵਰ ਸਮੇਤ ਪੂਰੇ ਸਟੇਟ ਵਿੱਚ ਮੌਜੂਦ ਹਨ। ਅਸੀਂ ਵਿੱਤੀ ਵਰ੍ਹੇਂ 2023 ਵਿੱਚ ਲਗਭਗ 276 ਓਵਰਨਾਈਟ ਪਲਾਨਡ ਰੈਸਪਾਈਟ ਰਹਿਣ ਦੀ ਸਥਾਨਾਂ ਦੀ ਸਹੂਲਤ ਦਿੱਤੀ ਹੈ।

## ਅਥਾਰਿਟੀ

ਚੈਪਟਰ 388-823 WAC, ਵਿਕਾਸ ਸਬੰਧੀ ਅਪਾਹਜਪੁਣੇ (ਅਪੰਗਤਾ) ਬਾਰੇ ਪ੍ਰਸ਼ਾਸਨ ਦਾਖਲਾ ਅਤੇ ਯੋਗਤਾ ਨਿਰਧਾਰਨ

ਚੈਪਟਰ 388-829R WAC, ਓਵਰਨਾਈਟ ਪਲਾਨਡ ਰੈਸਪਾਈਟ ਸੇਵਾਵਾਂ

## ਬਜਟ

ਵਿਧਾਨਮੰਡਲ ਨੇ 2015 ਵਿੱਚ ESSB 6052 ਦੇ ਰਾਹੀਂ ਅੱਠ ਕਮਿਊਨਿਟੀ ਰੈਸਪਾਈਟ ਬੈੱਡਾਂ ਲਈ ਫੰਡ ਦਿੱਤੇ ਹਨ। ਵਰਤਮਾਨ ਵਿੱਚ ਸਾਡੇ ਕੋਲ ਪੂਰੇ ਸਟੇਟ ਵਿੱਚ ਨੌਂ OPRS ਸਥਾਨ ਹਨ। 2023-2025 ਦਾ ਬਜਟ ਸਾਨੂੰ 12 ਬੈੱਡਾਂ ਤੱਕ ਦੇ ਕਾਂਟ੍ਰੈਕਟ ਕਰਨ ਦੀ ਇਜਾਜ਼ਤ ਦਿੰਦਾ ਹੈ।

## ਯੋਗਤਾ

ਵਿਅਕਤੀ ਜੋ:

- DDA ਸੇਵਾਵਾਂ ਲਈ ਯੋਗ ਹਨ।
- 18 ਸਾਲ ਜਾਂ ਵੱਧ ਉਮਰ ਦੇ ਹਨ।
- ਇੱਕ ਪ੍ਰਾਇਮਰੀ ਦੇਖਭਾਲਕਰਤਾ ਦੇ ਨਾਲ ਘਰ ਵਿੱਚ ਰਹਿੰਦੇ ਹਨ ਅਤੇ ਵਰਤਮਾਨ ਵਿੱਚ ਕੋਰ ਛੋਟ ਦੇ ਤਹਿਤ ਰਿਹਾਇਸ਼ੀ ਆਵਾਸ ਸੇਵਾਵਾਂ ਪ੍ਰਾਪਤ ਨਹੀਂ ਕਰ ਰਹੇ ਹਨ, ਜਦੋਂ ਤੱਕ:
  - ਇੱਕ ਸਾਥੀ ਪ੍ਰਦਾਤਾ ਤੋਂ ਸੇਵਾਵਾਂ ਪ੍ਰਾਪਤ ਨਾ ਕਰਨ; ਜਾਂ
  - ਕਮਿਊਨਿਟੀ ਫਸਟ ਚੁਆਇਸ ਰਿਹਾਇਸ਼ੀ ਸੇਵਾਵਾਂ ਪ੍ਰਾਪਤ ਨਾ ਕਰਨ।

ਜੇਕਰ ਪ੍ਰਾਇਮਰੀ ਦੇਖਭਾਲਕਰਤਾ ਉਪਲਬਧ ਨਹੀਂ ਹੈ ਤਾਂ ਭਾਗੀਦਾਰਾਂ ਨੂੰ ਐਮਰਜੈਂਸੀ ਵਿੱਚ ਪ੍ਰਤੀਕ੍ਰਿਆ ਕਰਨ ਲਈ ਇੱਕ ਬੈਕਅੱਪ ਦੇਖਭਾਲਕਰਤਾ ਦੀ ਵੀ ਪਛਾਣ ਕਰਨੀ ਚਾਹੀਦੀ ਹੈ।

## ਪਾਰਟਨਰ

- ਸੇਵਾਵਾਂ ਪ੍ਰਾਪਤ ਕਰਨ ਵਾਲੇ ਵਿਅਕਤੀ।
- ਪ੍ਰੋਗਰਾਮ ਦੇ ਭਾਗੀਦਾਰ ਦੇ ਪਰਿਵਾਰ ਅਤੇ ਪ੍ਰਾਇਮਰੀ ਦੇਖਭਾਲਕਰਤਾ।
- ਐਡਵੋਕੇਸੀ ਜੱਥੇਬੰਦੀਆਂ।
- ਪ੍ਰਮਾਣਿਤ ਓਵਰਨਾਈਟ ਪਲਾਨਡ ਰੈਸਪਾਈਟ ਸੇਵਾਵਾਂ ਪ੍ਰਦਾਨ ਕਰਨ ਵਾਲੇ।

## ਨਿਗਰਾਨੀ

- ਗੁਣਵੱਤਾ, ਪਾਲਣਾ ਅਤੇ ਸਿਖਲਾਈ ਬਾਰੇ DDA ਦਫ਼ਤਰ।
- ਪ੍ਰਦਾਤਾ ਪਾਲਣਾ ਅਤੇ ਪਰਿਵਰਤਨ ਗੁਣਵੱਤਾ ਭਰੋਸੇ ਬਾਰੇ DDA ਦਫ਼ਤਰ।
- DSHS ਬਾਲਗ਼ ਸੁਰੱਖਿਅਕ ਸੇਵਾਵਾਂ।
- ਵਾਸ਼ਿੰਗਟਨ ਸਟੇਟ ਦਾ ਸਿਹਤ ਬਾਰੇ ਵਿਭਾਗ

ਸੰਪਰਕ: ਜੈਮੀ ਸ਼ੈਫਲਰ (Jaimee Scheffler), ਰੈਸਪਾਈਟ ਕੋਰਡੀਨੇਟਰ • arsc@dshs.wa.gov • 360-280-3362

Washington State Department of Social and Health Services

DSHS 22-1955 PJ (Rev. 12/23) Punjabi